Media Release

ਤੁਰੰਤ ਰਿਲੀਜ ਲਈ

# ਬ੍ਰੈਂਪਟਨ ਫਾਇਰ ਐਂਡ ਐਮਰਜੈਂਸੀ ਸਰਵਿਸਿਜ, ਫਾਇਰ ਮਾਰਸ਼ਲ ਦੇ ਦਫਤਰ ਵੱਲੋਂ ਸੰਚਾਲਿਤ, *ਸੇਵਡ ਬਾਇ ਦ ਬੀਪ (Saved by the Beep)* ਵਿੱਚ ਹਿੱਸਾ ਲੈ ਰਿਹਾ ਹੈ

ਬ੍ਰੈਂਪਟਨ, ਓਨਟੈਰੀਓ (6 ਸਤੰਬਰ, 2023) – ਅੱਗ ਤੋਂ ਸੁਰੱਖਿਆ ਅਤੇ ਤਿਆਰੀ ਦੇ ਮਹੱਤਵ ਬਾਰੇ ਜਾਗਰੂਕਤਾ ਫੈਲਾਉਣ ਲਈ, ਸਿਟੀ ਆਫ ਬ੍ਰੈਂਪਟਨ, ਓਨਟੈਰੀਓ ਦੇ ਪਹਿਲੇ *ਟੈਸਟ ਯੋਰ ਸਮੋਕ ਅਲਾਰਮ ਡੇ (Test Your Smoke Alarm Day)* ਵਿੱਚ ਹਿੱਸਾ ਲੈ ਰਹੀ ਹੈ, ਜੋ ਫਾਇਰ ਮਾਰਸ਼ਲ ਦੇ ਦਫਤਰ (ਓ.ਐਫ.ਐਮ.) (Office of the Fire Marshal) (OFM) ਵੱਲੋਂ, 28 ਸਤੰਬਰ ਨੂੰ ਸੰਚਾਲਿਤ ਕੀਤਾ ਜਾ ਰਿਹਾ ਹੈ।

ਸੂਬੇ ਵਿੱਚ ਅੱਗ ਨਾਲ ਹੋਣ ਵਾਲੀਆਂ ਮੌਤਾਂ ਵਧਣ ਨਾਲ, ਓ.ਐਫ.ਐਮ. (OFM) ਨੇ ਇੱਕ ਜਾਣਕਾਰੀ ਮੁਹਿੰਮ, *ਸੇਵਡ ਬਾਇ ਦਾ ਬੀਪ (Saved by the Beep)* ਤਿਆਰ ਕੀਤੀ ਹੈ, ਇਹ ਵਸਨੀਕਾਂ ਨੂੰ ਸਲਾਹ ਦਿੰਦੀ ਹੈ ਕਿ ਉਹ ਆਪਣੇ ਘਰਾਂ ਨੂੰ ਅੱਗ ਤੋਂ ਵੱਧ ਸੁਰੱਖਿਅਤ ਬਣਾਉਣ ਲਈ ਆਪਣੇ ਧੂੰਏਂ ਦੇ ਅਲਾਰਮ ਟੈਸਟ ਕਰਨ ਅਤੇ ਢੁੱਕਵੀਆਂ ਕਾਰਵਾਈਆਂ ਕਰਨ।

ਬ੍ਰੈਂਪਟਨ ਫਾਇਰ ਐਂਡ ਐਮਰਜੈਂਸੀ ਸਰਵਿਸਿਜ (Brampton Fire and Emergency Services), *ਸੇਵਡ ਬਾਇ ਦਾ ਬੀਪ* ਵਿੱਚ ਹਿੱਸਾ ਲੈ ਰਿਹਾ ਹੈ, ਜਿਸ ਵਿੱਚ ਉਹ ਵਸਨੀਕਾਂ ਨੂੰ ਧੂੰਏਂ ਦੇ ਚਾਲੂ ਅਲਾਰਮਾਂ, ਕਾਰਬਨ ਮੋਨੋਆਕਸਾਈਡ ਅਲਾਰਮਾਂ ਅਤੇ ਘਰੋਂ ਬਚ ਕੇ ਨਿੱਕਲਣ ਦੀ ਯੋਜਨਾ ਦੇ ਮਹੱਤਵ ਬਾਰੇ ਜਾਣਕਾਰੀ ਦੇਵੇਗਾ।

ਪੂਰਾ ਸਤੰਬਰ, ਸਿਟੀ ਆਫ ਬ੍ਰੈਂਪਟਨ ਅਤੇ ਬੀ.ਐਫ.ਈ.ਐਸ. (BFES), ਸੋਸ਼ਲ ਮੀਡੀਆ ਤੇ ਜਾਣਕਾਰੀ ਸਾਂਝੀ ਕਰਨਗੇ ਅਤੇ ਘਰ ਵਿੱਚ ਅੱਗ ਤੋਂ ਸੁਰੱਖਿਆ ਦੇ ਮਹੱਤਵ ਬਾਰੇ ਚਰਚਾ ਕਰਨ ਲਈ ਵਿਅਗਤੀਗਤ ਕਾਰਜਕਰਮ ਦਾ ਆਯੋਜਨ ਕਰਨਗੇ। ਨਾਲ ਹੀ, ਉਹ ਇਹ ਯਕੀਨੀ ਬਣਾਉਣ ਲਈ ਵਸਨੀਕਾਂ ਨੂੰ ਸੁਝਾਅ ਦੇਣਗੇ ਕਿ ਅੱਗ ਲੱਗਣ ਦੀ ਸਥਿਤੀ ਵਿੱਚ ਉਹ ਤਿਆਰ ਹਨ।

**ਫਾਇਰਫਾਈਟਰ ਨਾਲ ਕੌਫੀ ਪੀਣ ਲਈ ਸਾਡੇ ਨਾਲ ਜੁੜੋ**

**ਕੀ:** ਸਪਾਰਕੀ (Sparky) ਫਾਇਰ ਡੌਗ ਨੂੰ ਮਿਲੋ ਅਤੇ *ਟੈਸਟ ਯੋਰ ਸਮੋਕ ਅਲਾਰਮ ਡੇ* ਬਾਰੇ ਅਤੇ ਧੂੰਏਂ ਦੇ ਚਾਲੂ ਅਲਾਰਮਾਂ ਅਤੇ ਅੱਗ ਤੋਂ ਸੁਰੱਖਿਆ ਦੇ ਮਹੱਤਵ ਬਾਰੇ ਜਾਣੋ:

**ਤਾਰੀਖ:** ਸ਼ੁੱਕਰਵਾਰ, 22 ਸਤੰਬਰ

**ਸਮਾਂ:** ਸਵੇਰੇ 9 ਵਜੇ ਤੋਂ 11 ਵਜੇ ਤੱਕ

**ਸਥਾਨ:** ਮੈਕਡੋਨਲਡਸ, 160 ਸੈਂਡਲਵੁੱਡ ਪਾਰਕਵੇ ਈਸਟ (McDonalds, 160 Sandalwood Parkway East)

ਜਾਗਰੂਕਤਾ ਫੈਲਾਉਣ ਲਈ, ਬੀ.ਐਫ.ਈ.ਐਸ., ਵਸਨੀਕਾਂ ਨੂੰ ਆਪਣੀ *ਸੇਵਡ ਬਾਇ ਦਾ ਬੀਪ (Saved by the Beep)* ਡਾਂਸ ਚੁਣੌਤੀ ਵਿੱਚ ਸ਼ਾਮਲ ਹੋਣ ਲਈ ਸੋਸ਼ਲ ਮੀਡੀਆ ਤੇ ਚੁਣੌਤੀ ਦੇ ਰਿਹਾ ਹੈ। ਉਹਨਾਂ ਨੇ ਅਜਿਹਾ ਡਾਂਸ ਤਿਆਰ ਕੀਤਾ ਹੈ, ਜੋ ਹਰ ਉਮਰ ਅਤੇ ਯੋਗਤਾਵਾਂ ਵਾਲੇ ਲੋਕਾਂ ਲਈ ਅਸਾਨ ਹੈ। ਧੂੰਏਂ ਦੇ ਅਲਾਰਮ ਸਬੰਧੀ ਸੁਰੱਖਿਆ ਲਈ ਜਾਗਰੂਕਤਾ ਫੈਲਾਉਣ ਵਿੱਚ ਮਦਦ ਕਰਨ ਲਈ, ਇਹ ਦਰਸਾਉਂਦੇ ਹੋਏ ਵੀਡੀਓ ਬਣਾਓ ਕਿ ਤੁਸੀਂ ਬੀਪ ਨੂੰ ਕਿਵੇਂ ਟੈਸਟ ਕਰਦੇ ਹੋ ਅਤੇ ਉਸਨੂੰ #SavedByTheBeep ਵਰਤਦੇ ਹੋਏ ਸੋਸ਼ਲ ਮੀਡੀਆ ਤੇ ਸਾਂਝਾ ਕਰੋ। @citybrampton Instagram ਤੇ ਡਾਂਸ (dance) ਦੇਖੋ।

ਵਧੇਰੇ ਜਾਣਕਾਰੀ, ਅੱਗ ਤੋਂ ਸੁਰੱਖਿਆ ਸਬੰਧੀ ਸੁਝਾਵਾਂ ਅਤੇ ਇਹ ਜਾਣਨ ਲਈ ਕਿ ਆਪਣੇ ਘਰ ਨੂੰ ਅੱਗ ਤੋਂ ਵੱਧ ਸੁਰੱਖਿਅਤ ਕਿਵੇਂ ਬਣਾਇਆ ਜਾਵੇ, www.bramptonfire.com ਤੇ ਜਾਓ।

ਹਵਾਲੇ

"ਅੱਗ ਤੋਂ ਸੁਰੱਖਿਆ ਇੱਕ ਅਜਿਹਾ ਵਿਸ਼ਾ ਹੈ, ਜਿਸ ਬਾਰੇ ਵੱਧ ਚਰਚਾ ਕਰਨ ਦੀ ਲੋੜ ਹੈ। ਧੂੰਏਂ ਤੇ ਅਲਾਰਮ ਜ਼ਿੰਦਗੀਆਂ ਬਚਾਉਂਦੇ ਹਨ ਅਤੇ ਪੂਰੇ ਸੂਬੇ ਵਿੱਚ ਲੋਕਾਂ ਨੂੰ ਇਹ ਯਾਦ ਕਰਵਾਉਣ ਲਈ ਇੱਕ ਦਿਨ ਤਿਆਰ ਕਰਨਾ ਕਿ ਉਹ ਆਪਣੇ ਘਰਾਂ ਵਿੱਚ ਧੂੰਏਂ ਦੇ ਅਲਾਰਮ ਟੈਸਟ ਕਰਨ, ਅੱਗ ਲੱਗਣ ਦੀ ਸਥਿਤੀ ਵਿੱਚ ਸਾਡੇ ਵਸਨੀਕਾਂ ਨੂੰ ਬਚਾਉਣ ਦਾ ਇੱਕ ਕਦਮ ਹੈ। ਮੈਨੂੰ ਇਸ ਸ਼ਾਨਦਾਰ ਮੁਹਿੰਮ ਦਾ ਹਿੱਸਾ ਹੋਣ ਤੇ ਅਤੇ ਅੱਗ ਤੋਂ ਸੁਰੱਖਿਆ ਦੇ ਮਹੱਤਵ ਬਾਰੇ ਬ੍ਰੈਂਪਟਨ ਵਿੱਚ ਜਾਗਰੂਕਤਾ ਫੈਲਾਉਣ ਲਈ ਬਹੁਤ ਖੁਸ਼ੀ ਹੈ।"

- *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਅਸੀਂ ਸੇਵਡ ਬਾਇ ਦ ਬੀਪ (Saved by the Beep) ਮੁਹਿੰਮ ਵਿੱਚ ਹਿੱਸਾ ਲੈਣ ਤੇ ਬੇਹੱਦ ਖੁਸ਼ ਹਾਂ। ਧੂੰਏਂ ਤੇ ਅਲਾਰਮ ਜ਼ਿੰਦਗੀਆਂ ਬਚਾਉਂਦੇ ਹਨ ਅਤੇ ਵਸਨੀਕਾਂ ਨੂੰ ਮਹੀਨੇ ਵਿੱਚ ਇੱਕ ਵਾਰ ਉਹਨਾਂ ਦੇ ਧੂੰਏਂ ਦੇ ਅਲਾਰਮ ਟੈਸਟ ਕਰਨ ਬਾਰੇ ਯਾਦ ਕਰਾਉਣਾ, ਉਹਨਾਂ ਨੂੰ ਸੁਰੱਖਿਅਤ ਰੱਖਣ ਵਿੱਚ ਮਦਦ ਕਰੇਗਾ। ਅਸੀਂ ਵਸਨੀਕਾਂ ਨੂੰ ਇਹ ਵੀ ਸਲਾਹ ਦਿੰਦੇ ਹਾਂ ਕਿ ਉਹ ਘਰੋਂ ਬਚ ਕੇ ਨਿੱਕਲਣ ਦੀ ਯੋਜਨਾ ਬਣਾ ਕੇ ਅੱਗ ਲੱਗਣ ਦੀ ਸਥਿਤੀ ਵਿੱਚ ਤਿਆਰ ਰਹਿਣ। ਅੱਗ ਲੱਗਣ ਤੇ ਹਰੇਕ ਸਕਿੰਟ ਕੀਮਤੀ ਹੁੰਦਾ ਹੈ ਅਤੇ ਤਿਆਰੀ ਕਰਨ ਨਾਲ ਜ਼ਿੰਦਗੀਆਂ ਬਚ ਸਕਦੀਆਂ ਹਨ।"

- *ਰੋਬ ਮਾਰਟਿਨ (Rob Martin), ਐਕਟਿੰਗ ਫਾਇਰ ਚੀਫ, ਬ੍ਰੈਂਪਟਨ ਫਾਇਰ ਐਂਡ ਐਮਰਜੈਂਸੀ ਸਰਵਿਸਿਜ*

"ਸਿਟੀ ਆਫ ਬ੍ਰੈਂਪਟਨ ਅਤੇ ਬ੍ਰੈਂਪਟਨ ਫਾਇਰ ਨੇ, ਸੇਵਡ ਬਾਇ ਦ ਬੀਪ (Saved by the Beep) ਮੁਹਿੰਮ ਦੇ ਨਾਲ ਟੈਸਟ ਯੋਰ ਸਮੋਕ ਅਲਾਰਮ ਡੇ ਦਾ ਪ੍ਰਚਾਰ ਕਰਨ ਲਈ ਉਮੀਦ ਤੋਂ ਵੱਧ ਕੰਮ ਕੀਤਾ ਹੈ। ਜ਼ਿੰਦਗੀ ਬਚਾਉਣ ਵਾਲਾ ਇਹ ਸੁਨੇਹਾ ਦੇਣ ਲਈ ਬ੍ਰੈਂਪਟਨ ਨੇ ਜੋ ਰਚਨਾਤਮਕਤਾ ਦਿਖਾਈ ਹੈ, ਉਹ ਬੇਹੱਦ ਪ੍ਰਸ਼ੰਸਾਯੋਗ ਹੈ। ਬ੍ਰੈਂਪਟਨ ਅਤੇ ਓ.ਐਫ.ਐਮ. ਨੇ ਮਿਲ ਕੇ ਜੋ ਯਤਨ ਕੀਤੇ ਹਨ, ਉਹ ਦੇਖ ਕੇ ਮੈਨੂੰ ਬਹੁਤ ਖੁਸ਼ੀ ਹੋ ਰਹੀ ਹੈ, ਜੋ ਦਰਸਾਉਂਦਾ ਹੈ ਕਿ ਮਿਲ ਕੇ ਕੰਮ ਕਰਨਾ, ਬਦਲਾਅ ਨੂੰ ਪ੍ਰਭਾਵਿਤ ਕਰ ਸਕਦਾ ਹੈ, ਜੋ ਸਾਨੂੰ ਓਨਟੈਰੀਓ ਨੂੰ ਅੱਗ ਤੋਂ ਸੁਰੱਖਿਅਤ ਰੱਖਣ ਵਿੱਚ ਦਿਖਣਾ ਲਾਜ਼ਮੀ ਹੈ।"

- *ਜੌਨ ਪੇਗ (Jon Pegg), ਫਾਇਰ ਮਾਰਸ਼ਲ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 700,000 ਲੋਕਾਂ ਅਤੇ 90,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**

ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ

multiculturalmedia@brampton.ca